This question paper contains 3 printed pages]

*Your Roll No*................

**6571**

**M.A./III Sem.** **A**

PUNJABI—Course 10 (i)

(Punjabi Sufi Poetry)

(Admissions of 2004 to 2008)

*Time* : 3 *Hours* *Maximum Marks* : 75

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

(*Write your Roll No. on the top immediately on receipt of this question paper.*)

**ਨੋਟ** :–ਇਸ ਪ੍ਰਸ਼ਨ ਪਤੱਰ ਦੇ ਚਾਰ ਭਾਗ ਹਨ । ਹਰੇਕ ਭਾਗ ਦੇ ਆਰੰਭ ਵਿਚ ਦਿੱਤੀਆਂ ਹਦਾਇਤਾਂ ਨੂੰ ਧਿਆਨ ਪੂਰਬਕ ਪੜ੍ਹੋ ।

**ਭਾਗ ਪਹਿਲਾ**

**ਜ਼ਰੂਰੀ ਨੋਟ** :–ਇਸ ਭਾਗ ਵਿਚੋਂ ਕੇਵਲ ਇਕ ਪ੍ਰਸ਼ਨ ਦਾ ਉੱਤਰ ਦਿਉ । ਇਸ ਭਾਗ ਦੇ ਕੁਲ ਅੰਕ ਹਨ : 15

1. ਪੰਜਾਬੀ ਸੂਫ਼ੀ ਕਵਿਤਾ ਦੇ ਭਿੰਨ ਭਿੰਨ ਵਿਕਾਸ-ਪੜਾਵਾਂ ਦੀ ਮਹੱਤਾ ਸਥਾਪਿਤ ਕਰੋ ।

2. ਮਧਕਾਲੀਨ ਪੰਜਾਬ ਦੇ ਸਭਿਆਚਾਰਕ ਇਤਿਹਾਸ ਵਿਚ ਸੂਫ਼ੀ ਕਵੀਆਂ ਦੀ ਵਿਸ਼ੇਸ਼ ਦੇਣ ਬਾਰੇ ਚਰਚਾ ਕਰੋ । 15×1=15

## ਭਾਗ ਦੂਜਾ

**ਜ਼ਰੂਰੀ ਨੋਟ** :–ਇਸ ਭਾਗ ਵਿਚੋਂ ਕੇਵਲ ਦੋ ਪ੍ਰਸ਼ਨਾਂ ਦੇ ਉੱਤਰ ਦਿਉ । ਹਰੇਕ ਪ੍ਰਸ਼ਨ ਦੇ 15 ਅੰਕ ਹਨ । ਕੁਲ ਅੰਕ : 15×2=30

3. ਫਰੀਦ ਬਾਣੀ ਦੀ ਭਾਸ਼ਾ-ਸ਼ੈਲੀ ਬਾਰੇ ਆਪਣਾ ਅਧਿਐਨ ਪੇਸ਼ ਕਰੋ ।

4. ਸ਼ਾਹ ਹੁਸੈਨ ਦੀ ਕਾਫ਼ੀ-ਕਲਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ ।

5. ਬੁੱਲ੍ਹੇ ਸ਼ਾਹ ਦਾ ਕਲਾਮ ਆਪਣੇ ਸਮੇਂ ਦੀਆਂ ਸਮਾਜੋ-ਰਾਜਸੀ ਚਣੌਤੀਆਂ ਅਤੇ ਧਾਰਮਕ ਮੂਲਵਾਦ ਦੀ ਨਿਸ਼ਾਨਦੇਹੀ ਕਰਦਾ ਹੈ, ਕਿਵੇਂ ? ਉਲੇਖ ਕਰੋ । 15×2=30

## ਭਾਗ ਤੀਜਾ

**ਜ਼ਰੂਰੀ ਨੋਟ** :–ਇਸ ਭਾਗ ਵਿਚੋਂ ਕੇਵਲ **ਇਕ** ਕਾਵਿ-ਬੰਦ ਦੀ ਵਿਹਾਰਕ ਸਮੀਖਿਆ ਪੇਸ਼ ਕਰੋ । ਕੁਲ ਅੰਕ ਹਨ : 15

6. (*i*) ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ, ਮੁਹ ਦਿਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥
ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ ॥
ਫ਼ਰੀਦਾ ਕਿੜੀ ਪਵੰਦੀ ਈ ਖੜਾ ਨ ਆਪੁ ਮੁਹਾਇ ॥

(*ii*) ਮਾਟੀ ਕੁਦਮ ਕਰੇਂਦੀ ਯਾਰ
ਵਾਹ ਵਾਹ ਮਾਟੀ ਦੀ ਗੁਲਜ਼ਾਰ ।

ਮਾਟੀ ਘੋੜਾ ਮਾਟੀ ਜੋੜਾ, ਮਾਟੀ ਦਾ ਅਸਵਾਰ
ਮਾਟੀ ਮਾਟੀ ਨੂੰ ਦੌੜਾਵੇ, ਮਾਟੀ ਦਾ ਖੜਕਾਰ
ਮਾਟੀ ਮਾਟੀ ਨੂੰ ਮਾਰਨ ਲਗੀ, ਮਾਟੀ ਦੇ ਹਥਿਆਰ
ਜਿਸ ਮਾਟੀ ਪਰ ਬਹੁਤੀ ਮਾਟੀ, ਸੋ ਮਾਟੀ ਹੰਕਾਰ ।
ਮਾਟੀ ਬਾਗ਼ ਬਗੀਚਾ ਮਾਟੀ, ਮਾਟੀ ਦੀ ਗੁਲਜ਼ਾਰ
ਮਾਟੀ ਮਾਟੀ ਨੂੰ ਦੇਖਣ ਆਈ ਮਾਟੀ ਦੀ ਬਹਾਰ ।
ਹੱਸ ਖੇਡ ਫਿਰ ਮਾਟੀ ਹੋਵੇ, ਪੈਂਦੀ ਪਾਉਂ ਪਸਾਰ ।
ਬੁਲ੍ਹਾ ਜਾਂ ਏਹ ਬੁਝਾਰਤ ਬੁਝੇ, ਤਾਂ ਲਾਹਿ ਸਿਰੋਂ ਭੁਇੰ ਭਾਰ । 15×1=15

## ਚੌਥਾ ਭਾਗ

**ਜ਼ਰੂਰੀ ਨੋਟ** :–ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ । ਉੱਤਰ 50 ਸ਼ਬਦਾਂ ਤੋਂ ਵੱਧ ਨਾ ਹੋਵੇ । ਹਰੇਕ ਪ੍ਰਸ਼ਨ ਦੇ 3 ਅੰਕ ਹਨ । ਕੁਲ ਅੰਕ : 3×5=15

7. (*i*) 'ਸਲੋਕ' ਦੀ ਨਿਖੜਵੀਂ ਪਛਾਣ ਕੀ ਹੈ ?

(*ii*) ਫਰੀਦ ਬਾਣੀ ਦਾ ਵੇਰਵਾ ਦਸੋ । ਇਹ ਵੀ ਦਸੋ ਇਸ ਬਾਣੀ ਨਾਲ ਕਿਹੜੇ ਕਿਹੜੇ ਗੁਰੂ ਸਾਹਿਬਾਨ ਨੇ ਸੰਵਾਦ ਰਚਿਆ ।

(*iii*) ਸੂਫ਼ੀ ਕਵਿਤਾ ਵਿਚ 'ਤ੍ਰਿੰਜਣ' ਸ਼ਬਦ ਕਿਵੇਂ ਵਰਤਿਆ ਗਿਆ ਹੈ ?

(*iv*) 'ਕਾਫ਼ੀ' ਰੂਪਾਕਾਰ ਦੀ ਕੀ ਵਿਸ਼ੇਸ਼ਤਾ ਹੈ ?

(*v*) ਪੰਜਾਬੀ ਸੂਫ਼ੀ ਸ਼ਾਹ ਹੁਸੈਨ ਨੂੰ 'ਬਿਰਹਾ ਦਾ ਸੁਲਤਾਨ' ਕਿਉਂ ਆਖਿਆ ਜਾਂਦਾ ਹੈ ? 3×5=15